*Journal of Punjabi Insights (JPI)* *Vol. 1 Issue IV and Vol. 2 issue I* *(Oct. to March 2026)*

*Website: www. punjabiinsights.in ISSN: 31074286 (online)* **Pages 6-13**

# ਬ੍ਰਿਜ ਲਾਲ ਸ਼ਾਸਤਰੀ ਦੇ ਨਾਟਕ ‘ਪੂਰਨ’ ਦਾ ਨਾਰੀਵਾਦੀ ਅਤੇ ਸਮਾਜਿਕ ਵਿਸ਼ਲੇਸ਼ਣ

**ਕਿਰਨਦੀਪ ਕੌਰ**

ਖੋਜਾਰਥੀ

ਪੰਜਾਬੀ ਯੂਨੀਵਰਸਿਟੀ, ਪਟਿਆਲਾ

Email-id: **Kirandangon1992@gmail.com**

**ਐਬਸਟਰੈਕਟ(Abstract)** : ਲਗਪਗ ਹਰ ਇੱਕ ਕਾਲ ਵਿਚ ਨਵੀਂ ਚੇਤਨਾ ਵਿਕਸਤ ਹੁੰਦੀ ਰਹਿੰਦੀ ਹੈ। ਇਹ ਚੇਤਨਾ ਕੁਝ ਨਵਾਂ ਸਿਰਜਣ ਲਈ ਉਕਸਾਉਂਦੀ ਹੋਈ ਪੁਰਾਣੀਆਂ ਰਚਨਾਵਾਂ ਨਾਲ ਸੰਵਾਦ ਰਚਾ ਕੇ ਉਸ ਵਿੱਚ ਰਹਿ ਗਈਆਂ ਕੁਝ ਕਮੀਆਂ ਨੂੰ ਆਪਣੇ ਅਨੁਕੂਲ ਨਵਾਂ ਰੂਪ ਦੇ ਕੇ ਪੇਸ਼ ਕਰਨ ਲਈ ਪ੍ਰੇਰਿਤ ਕਰਦੀ ਹੈ। ਸਮੇਂ ਦੇ ਬਦਲਾਅ ਅਨੁਸਾਰ ਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ ਤੇ ਚੇਤਨਾ ਵੀ। ਇਸ ਬਦਲਾਵ ਕਰਕੇ ਹੀ ਹਰੇਕ ਰਚਨਾ ਦਾ ਕੁਝ ਸਮੇਂ ਬਾਅਦ ਸੁਭਾਅ ਬਦਲ ਜਾਂਦਾ ਹੈ। ਇਹ ਬਦਲਾਅ ਕਰਕੇ ਹੀ ਪਰੰਪਰਕ ਕਥਾਵਾਂ ਪ੍ਰੰਪਰਕ ਨਾ ਰਹਿੰਦੀਆਂ ਹੋਈਆਂ ਸਮੇਂ ਦੇ ਬਦਲਾਅ ਦੇ ਨਾਲ-ਨਾਲ ਨਵੇਂ ਯੁੱਗ ਵਿਚ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਦਾ ਟੈਕਸਟ ਰੂਪ ਵੀ ਬਦਲਦਾ ਰਹਿੰਦਾ ਹੈ। ਇਸੇ ਪ੍ਰਕਾਰ ‘ਪੂਰਨ ਭਗਤ’ ਦੀ ਲੋਕ ਕਥਾ ਨੂੰ ਪਹਿਲਾਂ ਕਾਦਰਯਾਰ ਨੇ ਕਿੱਸੇ ਦੇ ਰੂਪ ‘ਚ ਪੇਸ਼ ਕੀਤਾ ਅਤੇ ਫਿਰ ਇਹ ਕਥਾ ਸਮੇਂ ਦੇ ਅਨੁਸਾਰ ਵੱਖ-ਵੱਖ ਰੂਪਾਂ ‘ਚ ਵਿਕਸਤ ਹੋਈ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਦੀ ਹੋਈ ਵੇਖੀ ਜਾ ਸਕਦੀ ਹੈ।

**ਕੀਵਰਡਸ(keywords)** : ਬ੍ਰਿਜ ਲਾਲ ਸ਼ਾਸਤਰੀ, ਪੂਰਨ, ਪੰਜਾਬੀ ਨਾਟਕ, ਲੋਕ-ਕਥਾ, ਨਾਰੀਵਾਦੀ ਨਜ਼ਰੀਆ,ਪਾਤਰ ਵਿਸ਼ਲੇਸ਼ਣ

ਬ੍ਰਿਜ ਲਾਲ ਸ਼ਾਸਤਰੀ ਆਧੁਨਿਕ ਪੰਜਾਬੀ ਸਾਹਿਤ ਦੀ ਅਜਿਹੀ ਹਸਤੀ ਹੈ ਜੋ ਕਿ ਸਾਨੂੰ ਆਪਣੀਆਂ ਰਚਨਾਵਾਂ ਰਾਹੀਂ ਜੀਉਣ ਦੀ ਪ੍ਰੇਰਨਾ ਦੇ ਰਿਹਾ ਹੈ। ਬ੍ਰਿਜ ਲਾਲ ਸ਼ਾਸਤਰੀ ਦੀ ਸਿੱਧ-ਪੱਧਰੀ ਜਿੰਦਗੀ,ਪੰਜਾਬੀਅਤ ਦਾ ਉੱਤਮ ਨਮੂਨਾ ਹੈ। ਉਰਦੂ,ਫਾਰਸੀ,ਅੰਗਰੇਜੀ,ਹਿੰਦੀ ਤੇ ਸੰਸਕ੍ਰਿਤ–ਇਨ੍ਹਾਂ ਸਭ ਭਾਸ਼ਾਵਾਂ ਦੇ ਗਿਆਨੀ ਹੋਣ ਦੇ ਬਾਵਜੂਦ ਆਪਣੀ ਲਿਖਤ ਦਾ ਵਾਹਨ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਹੀ ਬਣਾਇਆ। ਬ੍ਰਿਜ ਲਾਲ ਸ਼ਾਸਤਰੀ ਦਾ ਜਨਮ ਉਨੀਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਹੋਇਆ। ਇਨ੍ਹਾਂ ਦੇ ਜਨਮ ਬਾਰੇ ਧਰਮਪਾਲ ਸਿੰਗਲ ਲਿਖਦੇ ਹਨ:

ਬ੍ਰਿਜ ਲਾਲ ਸ਼ਾਸਤਰੀ ਦਾ ਜਨਮ 13 ਨਵੰਬਰ,1894 ਵਿਚ ਬੜਾ ਪਿੰਡ ਲੋਹਟੀਆਂ, ਤਹਿਸੀਲ ਸ਼ਕਰ ਗੜ੍ਹ, ਜਿਲਾ ਗੁਰਦਾਸਪੁਰ ਵਿਚ ਹੋਇਆ। ਇਨ੍ਹਾਂ ਦੇ ਵੱਡੇ ਸਾਰੇ ਦੇ ਸਾਰੇ 7-8 ਪੀੜ੍ਹੀਆਂ ਤੋਂ ਸ਼ਾਹੂਕਾਰਾ ਕਰਦੇ ਆਏ ਹਨ। ਲੋਹੇ ਦਾ ਕੰਮ ਵੀ ਘੁਕਾਇਆ ਹੋਇਆ ਸੀ,ਏਸੇ ਕਰਕੇ ਉਹ 'ਲੋਹਟੀਏ' ਅਖਵਾਉਂਦੇ ਰਹੇ।[1]

ਬਚਪਨ ਵਿਚ ਹੀ ਬ੍ਰਿਜ ਲਾਲ ਸ਼ਾਸਤਰੀ ਨੂੰ ਆਪਣੇ ਪਿਤਾ ਜੀ ਪਾਸੋਂ ਕਿੱਸੇ ਕਹਾਣੀਆਂ ਸੁਣਨ ਦਾ ਸ਼ੌਕ ਪੈਦਾ ਹੋ ਗਿਆ ਸੀ। ਬਾਲ ਮਨ ਉੱਤੇ ਇਨ੍ਹਾਂ ਕਥਾ ਕਹਾਣੀਆਂ ਦੀ ਛਾਪ ਲੱਗ ਗਈ ਸੀ। ਇਨ੍ਹਾਂ ਦੇ ਸਾਹਿਤਕ ਸਫ਼ਰ ਬਾਰੇ ਧਰਮਪਾਲ ਸਿੰਗਲ ਲਿਖਦੇ ਹਨ:

ਬ੍ਰਿਜ ਲਾਲ ਸ਼ਾਸਤਰੀ ਦਾ ਨਾਮ ਆਧੁਨਿਕ ਪੰਜਾਬੀ ਨਾਟਕ ਦੇ ਮੋਢੀਆਂ ਵਿਚ ਲਿਆ ਜਾ ਸਕਦਾ ਹੈ। ਠੇਠ ਪੰਜਾਬੀ ਵਿਚ ਇਨ੍ਹਾਂ ਦਾ ਪਹਿਲਾ ਨਾਟਕ 'ਪੂਰਨ' 1919 ਈ. ਵਿਚ ਪ੍ਰਕਾਸ਼ਿਤ ਹੋਇਆ।[2]

ਬ੍ਰਿਜ ਲਾਲ ਸ਼ਾਸਤਰੀ ਨੇ ਪੂਰਨ ਭਗਤ ਦੀ ਲੋਕ ਕਥਾ ਨੂੰ ਕਾਵਿ ਰੂਪ ਤੋਂ ਨਿਖੇੜ ਕੇ ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਬ੍ਰਿਜ ਲਾਲ ਸ਼ਾਸਤਰੀ ਨੇ ਨਾਟਕ 'ਪੂਰਨ' ਨੂੰ ਤਿੰਨ ਅੰਕਾਂ ਵਿਚ ਪੇਸ਼ ਕੀਤਾ ਹੈ। ਨਾਟਕ ਦੇ ਪਹਿਲੇ ਅੰਕ ਵਿਚ ਗਿਆਰਾਂ ਝਾਕੀਆਂ, ਦੂਜੇ ਅੰਕ ਵਿਚ ਛੇ ਝਾਕੀਆਂ, ਤੀਜੇ ਅੰਕ ਵਿਚ ਸੱਤ ਝਾਕੀਆਂ ਹਨ। ਨਾਟਕ ਦਾ ਅਰੰਭ ਮੰਗਲਪਾਠ ਅਤੇ ਸੂਤਰਧਾਰ ਤੇ ਨਟੀ ਦੀ ਵਾਰਤਾਲਾਪ ਤੋਂ ਹੁੰਦਾ ਹੈ।

ਪਹਿਲੇ ਅੰਕ ਦੀ ਪਹਿਲੀ ਝਾਕੀ ਵਿਚ ਪੂਰਨ ਦੇ ਯੁਵਰਾਜ ਬਣਨ ਦੀ ਗੱਲਬਾਤ ਬਾਰੇ ਸੰਕੇਤ ਕੀਤਾ ਗਿਆ ਹੈ। ਦੂਜੀ ਝਾਕੀ ਵਿਚ ਪੂਰਨ ਤੇ ਰਾਜੇ ਸਲਵਾਨ ਦੀ ਮਿਲਣੀ ਦਾ ਜ਼ਿਕਰ ਹੈ। ਤੀਜੀ ਝਾਕੀ ਵਿਚ ਰਾਣੀ ਇੱਛਰਾਂ ਦੇ ਮਹਿਲ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਇੰਦਰੋ ਤੇ ਕੇਸਰੋ ਉਸਦੀਆਂ ਦਾਸੀਆਂ ਨੱਚਦੀਆਂ ਨਜ਼ਰ ਆਉਂਦੀਆਂ ਹਨ। ਪੂਰਨ ਲੂਣਾ ਨੂੰ ਮਿਲਣ ਚਲਾ ਜਾਂਦਾ ਹੈ। ਚੌਥੀ ਝਾਕੀ ਵਿਚ ਲੂਣਾ ਦੇ ਮਹਿਲ ਦਾ ਜ਼ਿਕਰ ਹੈ। ਲੂਣਾ ਪੂਰਨ ਨੂੰ ਆਪਣਾ ਬਣਾਉਣਾ ਚਾਹੁੰਦੀ ਹੈ ਪਰ ਪੂਰਨ ਮਰਿਆਦਾ ਦਾ ਪਾਲਣ ਕਰਦਾ ਹੋਇਆ ਲੂਣਾ ਨੂੰ ਮਾਂ ਕਹਿ ਕੇ ਹੀ ਸੰਬੋਧਨ ਕਰਦਾ ਹੈ। ਲੂਣਾ ਆਪਣੀ ਇੱਛਾ ਦੀ ਪੂਰਤੀ ਨਾ ਹੋਣ ਕਾਰਨ ਆਪਣਾ ਬੁਰਾ ਹਾਲ ਕਰਦੀ ਹੈ ਤੇ ਸਲਵਾਨ ਕੋਲ ਪੂਰਨ ਤੇ ਝੂਠੀ ਤੁਹਮਤ ਲਗਾ ਦਿੰਦੀ ਹੈ ਕਿ ਪੂਰਨ ਨੇ ਉਸ ਦੀ ਇੱਜ਼ਤ ਨੂੰ ਹੱਥ ਪਾਇਆ ਹੈ। ਪੰਜਵੀਂ ਝਾਕੀ ਵਿਚ ਰਾਜਾ ਸਲਵਾਨ ਕ੍ਰੋਧਿਤ ਹੋਇਆ ਦੁਚਿੱਤੀ ਵਿਚ ਹੈ। ਉਸ ਨੂੰ ਲੂਣਾ 'ਤੇ ਵਿਸ਼ਵਾਸ ਹੈ ਤੇ ਪੂਰਨ 'ਤੇ ਅਵਿਸਵਾਸ਼ ਹੈ। ਛੇਵੀਂ ਝਾਕੀ ਵਿਚ ਇੱਛਰਾਂ ਦੇ ਮਹਿਲ ਵਿਚ ਪੂਰਨ ਤੇ ਇੱਛਰਾਂ ਬੈਠੇ ਗੱਲਾਂ ਕਰ ਰਹੇ ਹਨ। ਇੰਨੇ ਨੂੰ ਭੈੜ ਚੰਦ ਪੂਰਨ ਨੂੰ ਬੁਲਾਉਣ ਲਈ ਆਉਂਦਾ ਹੈ ਕਿ ਉਸ ਨੂੰ ਰਾਜੇ ਨੇ ਯਾਦ ਕੀਤਾ ਹੈ। ਇੱਛਰਾਂ ਘਬਰਾਉਂਦੀ ਹੈ। ਇੱਛਰਾਂ ਨੂੰ ਕੁਝ ਮਾੜੀ ਘਟਨਾ ਘਟਿਤ ਹੋਣ ਦੇ ਆਸਾਰ ਦਿਖਾਈ ਦਿੰਦੇ ਹਨ। ਸੱਤਵੀਂ ਝਾਕੀ ਵਿਚ ਜੁਲਾਹਾ ਤੇ ਜੁਲਾਹੀ ਦੀ ਗੱਲਬਾਤ ਹੈ। ਇਨ੍ਹਾਂ ਦੀ ਗੱਲਬਾਤ ਤੋਂ ਪੂਰਨ ਲੂਣਾ ਨੂੰ ਮਿਲਣ ਗਿਆ ਤੇ ਫਿਰ ਅਗਲੀ ਝਾਕੀ ਵਿਚ ਕੁਝ ਅਣਹੋਣੀ ਘਟਿਤ ਹੋਣ ਦਾ ਸੰਕੇਤ ਮਿਲਦਾ ਹੈ । ਅੱਠਵੀਂ ਝਾਕੀ ਵਿਚ ਰਾਜਾ ਸਲਵਾਨ ਮੰਤਰੀ ਤੇ ਹੋਰ ਦਰਬਾਰੀਏ ਬੈਠੇ ਹਨ। ਸਲਵਾਨ ਕ੍ਰੋਧ ਵਿਚ ਆਇਆ ਪੂਰਨ ਨੂੰ ਮਾੜੀ ਸ਼ਬਦਾਵਲੀ ਬੋਲਦਾ ਹੋਇਆ ਮਾਰਨ ਲਈ ਤਿਆਰ ਹੈ। ਇੱਛਰਾਂ ਰੋਂਦੀ ਹੋਈ ਪੁੱਤਰ ਲਈ ਤਰਲੇ ਕਰਦੀ ਹੈ। ਨੌਵੀਂ ਝਾਕੀ ਵਿਚ ਇੱਛਰਾਂ ਦਾ ਵਿਰਲਾਪ ਹੈ। ਪੁੱਤਰ ਦੇ ਮਾਰੇ ਜਾਣ ਦੀ ਪੀੜ ਨਾ ਸਹਾਰਦੀ ਹੋਈ ਇੱਛਰਾਂ ਜਿਉਣਾ ਨਹੀਂ ਚਾਹੁੰਦੀ ਤੇ ਅਟਾਰੀ ਤੋਂ ਛਾਲ ਮਾਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਨੂੰ ਪੁਰੋਹਿਤ ਸਮਝਾਉਂਦਾ ਹੈ। ਦਸਵੀਂ ਝਾਕੀ 'ਚ ਜੱਲਾਦ ਪੂਰਨ ਨੂੰ ਸ਼ਮਸ਼ਾਨ ਵੱਲ ਲੈ ਜਾਂਦੇ ਹਨ। ਗਿਆਰ੍ਹਵੀਂ ਝਾਕੀ ਵਿਚ ਪੂਰਨ ਤੇ ਚੰਡਾਲ ਦੀ ਗੱਲਬਾਤ ਹੈ। ਚੰਡਾਲ ਪੂਰਨ ਨੂੰ ਮਾਰਨ ਲੱਗਦੇ ਹਨ। ਆਕਾਸ਼ਵਾਣੀ ਹੋਣ ਕਰ ਕੇ ਚੰਡਾਲ ਪੂਰਨ ਦੇ ਹੱਥ ਪੈਰ ਨਾ ਵੱਢਦੇ ਹੋਏ ਉਸ ਨੂੰ ਉਵੇਂ ਹੀ ਖੂਹ ਵਿਚ ਸੁੱਟ ਦਿੰਦੇ ਹਨ।

ਅੰਕ ਦੂਜੇ ਦੀ ਪਹਿਲੀ ਝਾਕੀ ਵਿਚ ਗੁਰੂ ਗੋਰਖਨਾਥ ਦੁਆਰਾ ਪੂਰਨ ਨੂੰ ਖੂਹ ਵਿਚੋਂ ਕੱਢੇ ਜਾਣ ਦਾ ਜ਼ਿਕਰ ਹੈ। ਦੂਜੀ ਝਾਕੀ ਰਾਣੀ ਸੁੰਦਰਾਂ ਦੇ ਮਹਿਲ ਨਾਲ ਸੰਬੰਧਿਤ ਹੈ। ਤੀਜੀ ਝਾਕੀ ਵਿਚ ਗੁਰੂ ਗੋਰਖ ਪੂਰਨ ਨੂੰ ਯੋਗ ਧਾਰਨ ਕਰਵਾਉਂਦਾ ਹੈ। ਚੌਥੀ ਝਾਕੀ ਵਿਚ ਰਾਣੀ ਸੁੰਦਰਾਂ ਖ਼ੈਰ ਲੈਣ ਆਏ ਪੂਰਨ ਯੋਗੀ ਤੇ ਮੋਹਿਤ ਹੋ ਜਾਂਦੀ ਹੈ ਤੇ ਸੁੰਦਰਾ ਤੇ ਜੋਗੀ ਦੀ ਵਾਰਤਾਲਾਪ ਹੈ। ਪੰਜਵੀਂ ਝਾਕੀ ਵਿਚ ਪੂਰਨ ਸੁੰਦਰਾਂ ਦੁਆਰਾ ਪਾਈ ਖ਼ੈਰ ਗੁਰੂ ਗੋਰਖ ਨਾਥ ਕੋਲ ਲੈ ਜਾਂਦਾ ਹੈ, ਉਦੋਂ ਸੁੰਦਰਾ ਆਪਣੀਆਂ ਸਹੇਲੀਆਂ ਨਾਲ ਪਕਵਾਨ ਬਣਾ ਕੇ ਡੇਰੇ ਪਹੁੰਚ ਜਾਂਦੀ ਹੈ। ਛੇਵੀਂ ਝਾਕੀ ਵਿਚ ਪੂਰਨ ਸੁੰਦਰਾਂ ਨਾਲ ਮਹਿਲ ਚਲਾ ਤਾਂ ਜਾਂਦਾ ਹੈ ਪਰ ਆਪਣੇ ਧਰਮ ਤੇ ਕਾਇਮ ਰਹਿੰਦਾ ਹੋਇਆ ਪੂਰਨ ਸੱਤ ਦਿਨ ਪੂਰੇ ਹੋਣ ਤੇ ਵਾਪਸ ਡੇਰੇ ਵਿਚ ਆ ਜਾਂਦਾ ਹੈ ਤੇ ਸੁੰਦਰਾਂ ਬਿਟਰ-ਬਿਟਰ ਦੇਖਦੀ ਰਹਿ ਜਾਂਦੀ ਹੈ ।

ਤੀਜੇ ਅੰਕ ਦੀ ਪਹਿਲੀ ਝਾਕੀ ਵਿਚ ਸਲਵਾਨ ਦੀ ਕਰੁਣਾਮਈ ਸਥਿਤੀ ਪੇਸ਼ ਕੀਤੀ ਗਈ ਹੈ। ਦੂਜੀ ਝਾਕੀ ਵਿਚ ਚਾਰ ਪੰਜ ਡਾਕੂ ਰਸਤੇ ਵਿਚ ਤੁਰੇ ਫਿਰਦੇ ਹਨ। ਇਸ ਝਾਕੀ ਵਿਚ ਦੋ ਡਾਕੂਆਂ ਦੀ ਵਾਰਤਾਲਾਪ ਨੂੰ ਪੇਸ਼ ਕੀਤਾ ਗਿਆ ਹੈ। ਤੀਜੀ ਝਾਕੀ ਵਿਚ ਜੂਆ ਘਰ ਦਾ ਦ੍ਰਿਸ਼ ਹੈ। ਚੌਥੀ ਝਾਕੀ ਵਿਚ ਰਾਣੀ ਇੱਛਰਾਂ ਦੀ ਕਰੁਣਾਮਈ ਸਥਿਤੀ ਪੇਸ਼ ਕੀਤੀ ਗਈ ਹੈ। ਪੰਜਵੀਂ ਝਾਕੀ ਵਿਚ ਲੂਣਾ ਦੇ ਮਹਿਲ ਦਾ ਦ੍ਰਿਸ਼ ਹੈ। ਔਲਾਦ ਨਾ ਹੋਣ ਕਰਕੇ ਲੂਣਾ ਵਿਆਕੁਲ ਹੈ। ਸੰਤੀ ਲੂਣਾ ਨੂੰ ਜੋਗੀ ਦੇ ਆਉਣ ਬਾਰੇ ਦੱਸਦੀ ਹੈ। ਸਲਵਾਨ ਤੇ ਲੂਣਾ ਦੋਵੇਂ ਹੀ ਜੋਗੀ ਦੇ ਦਰਸ਼ਨ ਕਰਨ ਲਈ ਤਿਆਰੀ ਕਰਦੇ ਹਨ। ਛੇਵੀਂ ਝਾਕੀ ਵਿਚ ਦੋ ਤਿੰਨ ਸ਼ਹਿਰੀਏ ਵਿਖਾਈ ਦਿੰਦੇ ਹਨ ਇਹ ਵੀ ਜੋਗੀ ਦੇ ਦਰਸ਼ਨਾਂ ਲਈ ਜਾ ਰਹੇ ਹਨ। ਸੱਤਵੀਂ ਝਾਕੀ ਵਿਚ ਲੂਣਾ ਤੇ ਸਲਵਾਨ ਜੋਗੀ ਦੇ ਦਰਸ਼ਨ ਕਰਦੇ ਹਨ ਰਾਜਾ ਆਪਣੇ ਘਰ ਕੋਈ ਸੰਤਾਨ ਨਾ ਹੋਣ ਬਾਰੇ ਦੱਸਦਾ ਹੈ। ਜੋਗੀ ਉਨ੍ਹਾਂ ਦੇ ਘਰ ਪਹਿਲਾਂ ਵੀ ਇੱਕ ਪੁੱਤਰ ਹੋਣ ਬਾਰੇ ਪੁੱਛਦਾ ਹੈ। ਸਲਵਾਨ ਸਾਰੀ ਵਿਥਿਆ ਸੁਣਾਉਂਦਾ ਹੈ ਤੇ ਲੂਣਾ ਜੋਗੀ ਦੇ ਚਰਨਾਂ ਵਿਚ ਡਿੱਗ ਕਿ ਆਪਣੀ ਕੀਤੀ ਗਲਤੀ ਦਾ ਪਸ਼ਚਾਤਾਪ ਕਰਦੀ ਹੈ। ਸਲਵਾਨ ਕ੍ਰੋਧ ਵਿਚ ਆ ਕੇ ਤਲਵਾਰ ਕੱਢਦਾ ਹੈ ਤੇ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ। ਫਿਰ ਜੋਗੀ ਲੂਣਾ ਨੂੰ ਚੰਦ ਜਿਹੇ ਪੁੱਤਰ ਦੀ ਦਾਤ ਦੇ ਕੇ ਘਰ ਨੂੰ ਤੋਰ ਦਿੰਦਾ ਹੈ। ਇਸ ਤੋਂ ਬਾਅਦ ਇੱਛਰਾਂ ਆਉਂਦੀ ਹੈ ਜੋਗੀ ਤੋਂ ਇੱਛਰਾਂ ਮਾਂ ਦੀ ਹਾਲਤ ਦੇਖੀ

ਨਹੀਂ ਜਾਂਦੀ ਤੇ ਮਾਂ ਆਖ ਕੇ ਇੱਛਰਾਂ ਦੇ ਸੀਨੇ ਲੱਗ ਜਾਂਦਾ ਹੈ। ਸਲਵਾਨ ਪੂਰਨ ਤੇ ਇੱਛਰਾਂ ਤਿੰਨੇ ਮਿਲ ਕੇ ਇੱਕ ਦੂਜੇ ਨੂੰ ਕਲਾਵੇ ਵਿਚ ਲੈਂਦੇ ਹਨ ਤੇ ਉੱਪਰ ਫੁੱਲਾਂ ਦੀ ਵਰਖਾ ਹੁੰਦੀ ਹੈ। ਅੰਤ ਸੂਤਰਧਾਰ ਕਥਾ ਦਾ ਉਪਦੇਸ਼ਾਤਮਕ ਨਿਚੋੜ ਪ੍ਰਸਤੁਤ ਕਰਦਾ ਹੈ ਤੇ ਨਾਟਕ ਦਾ ਅੰਤ ਸੁਖਾਂਤਕ ਰੂਪ ਵਿਚ ਹੁੰਦਾ ਹੈ।

**ਨਾਟਕ ਵਿੱਚ ਮਾਂ ਦੇ ਮਮਤਾਮਈ ਸਰੂਪ ਦੀ ਪੇਸ਼ਕਾਰੀ**

ਨਾਟਕ ਵਿਚ ਪੂਰਨ ਦੇ ਜਨਮ, ਉਸ ਦੇ ਭੋਰੇ ਵਿਚ ਪੈਣ, ਭੋਰੇ ਤੋਂ ਬਾਅਦ ਦੀ ਸਥਿਤੀ, ਸਲਵਾਨ ਦਾ ਲੂਣਾ ਨਾਲ ਵਿਆਹ ਦਾ ਕੋਈ ਵੇਰਵਾ ਪ੍ਰਸਤੁਤ ਨਹੀਂ ਕੀਤਾ ਗਿਆ। ਨਾਟਕ ਦੇ ਆਰੰਭ ਵਿਚ ਹੀ ਪੂਰਨ ਦੇ ਭੋਰੇ ਤੋਂ ਬਾਹਰ ਆ ਕੇ ਸਲਵਾਨ ਦੇ ਕੋਲ ਜਾਣ ਦਾ ਸੰਕੇਤ ਮਿਲਦਾ ਹੈ ਜਿੱਥੇ ਸਲਵਾਨ ਪੂਰਨ ਦੇ ਯੁਵਰਾਜ ਬਣਨ ਦੀ ਰਸਮ ਅਦਾ ਕਰਦਾ ਹੈ। ਇੱਥੇ ਇਹ ਗੱਲ ਵਿਚਾਰਨਯੋਗ ਹੈ ਕਿ ਪੂਰਨ ਦੇ ਯੁਵਰਾਜ ਬਣਨ ਦੀ ਰਸਮ ਸਮੇਂ ਇੱਛਰਾਂ ਦਾ ਕੋਈ ਰੋਲ ਦਿਖਾਈ ਨਹੀਂ ਦਿੰਦਾ। ਰਜਵਾੜਾਸ਼ਾਹੀ ਰਾਜ ਵਿਚ ਸੱਤਾ ਦਾ ਪ੍ਰਤੀਕ ਮਰਦ ਹੀ ਰਿਹਾ ਹੈ। ਇਸ ਲਈ ਸਾਰੇ ਫ਼ੈਸਲੇ ਰਾਜੇ ਆਪ ਹੀ ਕਰਦੇ ਸਨ ਜਿਵੇਂ ਕਿ ਪੂਰਨ ਨੂੰ ਭੋਰੇ ਪਾਉਣ ਦਾ ਫ਼ੈਸਲਾ ਤੇ ਯੁਵਰਾਜ ਬਣਨ ਦਾ ਫ਼ੈਸਲਾ ਵੀ ਰਾਜਾ ਆਪ ਹੀ ਕਰਦਾ ਹੈ। ਇੱਥੇ ਰਾਣੀ ਇੱਛਰਾਂ ਦੀ ਕੋਈ ਹੋਂਦ ਨਹੀਂ। ਇੱਛਰਾਂ ਵੀ ਇਕ ਰਾਣੀ ਹੈ, ਪੂਰਨ ਦੀ ਮਾਂ ਹੈ, ਰਾਜੇ ਦੀ ਪਤਨੀ ਹੈ ਪਰ ਇੰਨਾ ਹੁੰਦਿਆਂ ਵੀ ਉਸ ਨੂੰ ਸਭ ਕਾਸੇ ਤੋਂ ਵਾਂਝੇ ਰੱਖਿਆ ਜਾਂਦਾ ਹੈ। ਪੂਰਨ ਦੇ ਭੋਰੇ ਵਿਚੋਂ ਬਾਹਰ ਆਉਣ ਤੇ ਯੁਵਰਾਜ ਬਣਨ ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਇੱਛਰਾਂ ਦੇ ਮਨ ਵਿਚ ਕੋਈ ਅਣਹੋਣੀ ਘਟਨਾ ਹੋਣ ਦਾ ਡਰ ਹੈ। ਇੱਛਰਾਂ ਦੇ ਮਨ ਵਿਚ ਡਰ ਕਿਉਂ ਹੈ? ਇਹੋ ਲੋਕਮਨ ਹੈ। ਉਸ ਦੇ ਮਨ ਨੂੰ ਠੰਢਕ ਨਹੀਂ ਪੈਂਦੀ ਕਿਉਂਕਿ ਉਸ ਦੇ ਮਨ ਵਿਚ ਤੌਖਲਾ ਹੈ:

ਇੱਛਰਾਂ: ਕਲੀਆਂ ਟੈਹਕਨ ਚਿੜੀਆਂ ਚੈਹਕਣ
ਖ਼ੁਸ਼ੀ ਕਿਵੇਂ ਨਰ ਨਾਰੀ ਏ।
ਜਾਣਾ ਸਭ ਕੁਝ ਵੀ ਮੈਂ ਭਾਵੇਂ
ਤਦ ਵੀ ਦਿਲ ਘਬਰਾਂਦਾ ਏ।[3]

ਸਲਵਾਨ ਦਾ ਇੱਛਰਾਂ ਪ੍ਰਤੀ ਪਹਿਲਾ ਪ੍ਰਤੀਕਰਮ ਨਜ਼ਰ ਆਉਂਦਾ ਹੈ। ਸਲਵਾਨ ਇੱਛਰਾਂ ਦੀ ਚੁੱਪ ਦਾ ਕਾਰਨ ਪੁੱਛਦਾ ਹੈ ਤੇ ਰਾਣੀ ਇੱਛਰਾਂ ਨੂੰ ਖ਼ੁਸ਼ੀ ਜ਼ਾਹਰ ਕਰਨ ਲਈ ਕਹਿੰਦਾ ਹੈ:

ਹੈਂ, ਖ਼ੁਸ਼ੀ ਦਾ ਰੰਗ ਢੰਗ ਨਾ, ਫੁੱਲਿਆ ਕਿਉਂ ਅੰਗ ਅੰਗ ਨਾ! ਪੁੱਤਰ ਦੇ ਆਉਣ ਦੀ ਹੁੱਪ ਤੇ ਇਹੋ ਜੇਹੀ ਚੁੱਪ ![4]

ਇੱਥੇ ਇੱਛਰਾਂ ਦੇ ਆਪਣੇ ਪੁੱਤਰ ਪੂਰਨ ਲਈ ਜੋ ਜਜ਼ਬੇ ਅਤੇ ਵੇਗ ਹਨ ਸਪੱਸ਼ਟ ਤੌਰ 'ਤੇ ਮੂਰਤੀਮਾਨ ਹੁੰਦੇ ਹਨ ਜਿੱਥੋਂ ਕਿ ਮਾਂ ਇੱਛਰਾਂ ਦਾ ਇੱਕ ਸੁਹਿਰਦ ਰੂਪ ਪੇਸ਼ ਹੁੰਦਾ ਹੈ:

ਇੱਛਰਾਂ: (ਸਿਰ ਤੇ ਹੱਥ ਫੇਰ ਕੇ) ਮੇਰੀਏ ਜਿੰਦੜੀਏ, ਐਨਾ ਚਿਰ ਤੂੰ ਕਿੱਥੇ ਰਹੀ? ਕਾਹਦਾ ਰੋਸਾ
ਸੀ? (ਮੱਥਾ ਚੁੰਮ ਕੇ) ਲਾਲ ਵੇ! ਮੈਨੂੰ ਭੁਲਾ ਹੀ ਛੱਡਿਆ! ਉਡੀਕਾਂ ਦੀਆਂ ਪਲਾਂ ਵਰਿਹਾਂ
ਵਾਂਗਰ ਬੀਤੀਆਂ,ਪਰ ਤੂੰ ਮੇਰਿਆ ਬ੍ਰਿਜ ਮੋਹਨਿਆਂ ਕਿੱਥੇ ਲੁਕਿਆ ਰਿਹੋ?(ਛਾਤੀ ਨਾਲ
ਲਾ ਕੇ)ਮੇਰੀ ਹਿੱਕ ਠੰਢ ਕਿਉਂ ਨਾ ਪਾਈ? ਚੰਨਾਂ! ਮੇਰੀਆਂ ਅੱਖੀਆਂ ਨੂੰ ਕਿਉਂ ਨਾ ਸੁਫ਼ਲ
ਕੀਤਾ? ਮੇਰੇ ਸਰੀਰ ਦੀਏ ਜਾਨੇ, ਮੇਰੀ ਜਾਨ ਦੇ ਸੱਤਿਆ।[5]

ਇਸ ਨਾਟਕ ਵਿਚ ਮੂਲ ਕਥਾ ਦੇ ਨਾਲੋਂ ਸ਼ਾਸਤਰੀ ਜੀ ਨੇ ਇਹ ਵਖਰੇਵਾਂ ਪੇਸ਼ ਕੀਤਾ ਹੈ ਕਿ ਇੱਛਰਾਂ ਪੂਰਨ ਨੂੰ ਮਿਲਦੇ ਸਾਰ ਹੀ ਆਪਣੇ ਦੁੱਖਾਂ ਦਾ ਕਾਰਨ ਸਲਵਾਨ ਨੂੰ ਕਹਿੰਦੀ ਹੈ।ਇੱਛਰਾਂ ਅਜਿਹੀ ਇਸਤਰੀ ਹੈ ਜੋ ਕਿ ਆਪਣੇ ਪੁੱਤਰ ਦਾ ਵਿਛੋੜਾ ਸਹਿੰਦੀ ਹੋਈ ਸੌਂਕਣ ਦਾ ਦਰਦ ਵੀ ਹੰਢਾਉਂਦੀ ਹੈ। ਪੂਰਨ ਨੂੰ ਭੋਰੇ ਪਾਉਣ ਲਈ ਉਸਦੇ ਮਨ ਵਿਚ ਆਪਣੇ ਪਤੀ ਲਈ ਰੋਸ ਹੈ ਜਿਸ ਨੂੰ ਆਪਣੇ ਪੁੱਤਰ ਸਾਹਮਣੇ ਪ੍ਰਗਟ ਕਰਦੀ ਹੈ।

ਇੱਥੇ ਸਪੱਸ਼ਟ ਹੁੰਦਾ ਹੈ ਕਿ ਔਰਤ ਆਪਣੇ ਮਨ ਦੇ ਭਾਵ ਆਪਣੀ ਔਲਾਦ ਨਾਲ ਹੀ ਸਾਂਝੇ ਕਰਦੀ ਹੈ। ਇੱਛਰਾਂ ਜੋ ਕਿ ਪੂਰਨ ਦੇ ਚਲੇ ਜਾਣ ਦਾ ਦੁੱਖ ਹੰਢਾਉਂਦੀ ਹੈ। ਉੱਤੋਂ ਸੌਂਕਣ ਦਾ ਦਰਦ ਹੰਢਾਉਂਦੀ ਹੈ। ਉਹ ਇਸ ਸਭ ਦਾ ਜ਼ਿੰਮੇਵਾਰ ਸਲਵਾਨ ਨੂੰ ਸਮਝਦੀ ਹੈ ਪਰ ਉਹ ਆਪਣੇ ਮਨ ਦੇ ਗੁਬਾਰ ਨੂੰ ਸਲਵਾਨ ਅੱਗੇ ਨਹੀਂ ਖੋਲ੍ਹ ਸਕਦੀ। ਸਲਵਾਨ ਵੀ ਇਸ ਸਭ ਕਾਸੇ ਵਿਚ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦਾ ਹੈ।ਇਹ ਪਛਤਾਵਾ ਸਲਵਾਨ ਨੂੰ ਉਦੋਂ ਹੁੰਦਾ ਹੈ ਜਦੋਂ ਇੱਛਰਾਂ,ਸਲਵਾਨ 'ਤੇ ਪੂਰਨ ਆਪਸ 'ਚ ਬੈਠੇ ਗੱਲਾਂ ਕਰ ਰਹੇ ਹੁੰਦੇ ਹਨ:

ਸਲਵਾਨ: ਮੇਰੀਏ ਜਿੰਦੜੀਏ! ਧ੍ਰਿਗ ਜੋਤਸ਼ੀਆਂ ਨੂੰ ਜਿਨ੍ਹਾਂ ਤੇਰੀ ਜਨਮ ਕੁੰਡਲੀ ਦੱਸ ਕੇ
ਵਿਯੋਗ ਕਰਾਇਆ! ਬ੍ਰਿਹਸਪਤੀ ਦੀ ਰੇਖਾ ਦੇ ਪੱਜੋ ਸੂਰਜ ਹੋਦਿਆਂ ਕਾਲੀ ਰਾਤ ਦਾ ਮੂੰਹ ਦੱਸਿਆ! ਧ੍ਰਿਗ ਮੈਨੂੰ ਜਿਸ ਉਨ੍ਹਾਂ ਦੇ ਆਖੇ ਲੱਗ ਕੇ ਪਰੇਮ ਲਈ ਹੀ ਪਰੇਮ ਨੂੰ ਅੱਖੋਂ ਓਹਲੇ ਕੀਤਾ![6]

ਸਾਡੇ ਸਮਾਜ ਵਿਚ ਨਰ ਸੰਤਾਨ ਹੀ ਵੰਸ਼ ਨੂੰ ਅੱਗੇ ਲੈ ਕੇ ਜਾਂਦੀ ਹੈ। ਇਹ ਸਾਡੇ ਸਮਾਜ ਦੀ ਧਾਰਨਾ ਹੈ। ਇਸੇ ਲਈ ਸਲਵਾਨ ਪੂਰਨ ਦੇ ਵਿਆਹ ਦੀ ਗੱਲ ਕਰਦਾ ਹੈ ਤੇ ਪੂਰਨ ਦੇ ਮਨ੍ਹਾ ਕਰਨ ਤੇ ਇੱਛਰਾਂ ਸਲਵਾਨ ਦਾ ਇਸ਼ਾਰਾ ਪਾ ਕੇ ਪੂਰਨ ਨੂੰ ਵਿਆਹ ਲਈ ਪ੍ਰਾਰਥਨਾ ਕਰਦੀ ਹੈ। ਇੱਥੇ ਇੱਛਰਾਂ ਦੀ ਇਕ ਹੋਰ ਸਥਿਤੀ ਸਾਹਮਣੇ ਆਉਂਦੀ ਹੈ ਕਿ ਜਿਸ ਤਰ੍ਹਾਂ ਉਸ ਦਾ ਆਪਣੇ ਪਤੀ ਤੇ ਕੋਈ ਵੱਸ ਨਹੀਂ ਚੱਲਦਾ, ਉਸੇ ਤਰ੍ਹਾਂ ਆਪਣੀ ਔਲਾਦ ਤੇ ਵੀ ਨਹੀਂ ਚੱਲਦਾ। ਉਹ ਸਿੱਧੇ ਤੌਰ ਤੇ ਪੂਰਨ ਨੂੰ ਵਿਆਹ ਲਈ ਨਹੀਂ ਕਹਿ ਰਹੀ ਸਗੋਂ ਪ੍ਰਾਰਥਨਾ ਦੇ ਰੂਪ ਵਿਚ ਵਿਆਹ ਲਈ ਕਹਿੰਦੀ ਹੈ। ਇੱਥੇ ਸਿਰਫ਼ ਸਲਵਾਨ ਵੱਲੋਂ ਬੋਲੇ ਗਏ ਇੱਕ ਸ਼ਬਦ ਇ-ਛਿ-ਆ ਨਾਲ ਹੀ ਇੱਛਰਾਂ ਬਿਨ ਬੋਲੇ ਸਭ ਸਮਝ ਜਾਂਦੀ ਹੈ ਤੇ ਪਤੀ ਦਾ ਹੁਕਮ ਪਾ ਕੇ ਪੂਰਨ ਨੂੰ ਵਿਆਹ ਲਈ ਕਹਿੰਦੀ ਹੈ।

ਪੂਰਨ ਜੋ ਕਿ ਦੁਨੀਆਂ ਤੋਂ ਦੂਰ ਰਿਹਾ ਤੇ ਉਸ ਦੀ ਬਿਰਤੀ ਅਜਿਹੀ ਬਣ ਜਾਂਦੀ ਹੈ ਕਿ ਉਸ ਨੂੰ ਸਮਾਜ ਦੇ ਬੰਧਨ ਬੇੜੀਆਂ ਜਾਪਦੇ ਹਨ ਤੇ ਉਹ ਆਪਣੀ ਮਾਂ ਤੋਂ ਦੂਰ ਨਹੀਂ ਹੋਣਾ ਚਾਹੁੰਦਾ ਜਿਸ ਦਾ ਹਵਾਲਾ ਇਸ ਸ਼ਬਦਾਂ ਤੋਂ ਮਿਲਦਾ ਹੈ:

ਮਾਤਾ ਜੀ, ਆਪਣੇ ਪ੍ਰੇਮ ਥੋਂ ਪਰ੍ਹਾਂ ਕਰਨ ਦੀ ਛੇਤੀ ਕਿਉਂ ?
(ਹੱਥ ਜੋੜਦਾ ਹੈ, ਅੱਛਰਾਂ ਛਾਤੀ ਨਾਲ ਲਾ ਲੈਂਦੀ ਏ।)[7]

ਪੂਰਨ ਜਦੋਂ ਲੂਣਾ ਨੂੰ ਮਿਲਣ ਜਾਣ ਲੱਗਦਾ ਹੈ ਤਾਂ ਇੱਛਰਾਂ ਦਾ ਚਿੱਤ ਘਬਰਾਉਂਦਾ ਹੈ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਟਪਕਦੇ ਹਨ। ਇੱਛਰਾਂ ਦੇ ਮਨ ਵਿਚ ਆਪਣੇ ਪੁੱਤਰ ਨੂੰ ਫਿਰ ਤੋਂ ਖੋਣ ਦਾ ਡਰ ਹੈ। ਇਹ ਸੁਭਾਵਿਕ ਵੀ ਹੈ ਕਿ ਜਿਵੇਂ ਉਸ ਦਾ ਪਤੀ ਉਸ ਦਾ ਨਹੀਂ ਰਿਹਾ ਉਸੇ ਤਰ੍ਹਾਂ ਉਸ ਨੂੰ ਡਰ ਹੈ ਕਿ ਕਿਤੇ ਉਸ ਦਾ ਪੁੱਤਰ ਵੀ ਉਸ ਦੇ ਹੱਥੋਂ ਨਾ ਨਿਕਲ ਜਾਵੇ। ਇੱਥੇ ਸਿੱਧਾ ਸਿੱਧਾ ਇਸ ਡਰ ਦਾ ਸਬੰਧ ਲੂਣਾ ਨਾਲ ਜਾ ਜੁੜਦਾ ਹੈ:

ਇੱਛਰਾਂ: (ਹੱਥ ਫੜ ਕੇ) ਅਜੇ.............. ਨਾ!
ਪੂਰਨ-ਮਾਤਾ ਜੀ, ਛੇਤੀ ਆਵਾਂਗਾ! ਧੰਨ ਭਾਗ!
ਇੱਛਰਾਂ- ਨਹੀਂ ਨਹੀਂ----- ਚਿੱਤ ਘਬਰਾਉਂਦਾ ਏ!
(ਅੱਖਾਂ ਵਿਚ ਹੰਝੂ ਆ ਜਾਂਦੇ ਹਨ।)[8]

ਰਾਜਾ ਸਲਵਾਨ ਦੁਆਰਾ ਦੱਸਣ ਤੇ ਕਿ ਮੇਰਾ ਪੁੱਤਰ ਪਹਿਲਾਂ ਪਹਿਲ ਲੂਣਾ ਵੱਲ ਹੀ ਕਰਨੀ ਚਾਹੁੰਦਾ ਸੀ ਇਹ ਅਢੁੱਕਵਾਂ ਪ੍ਰਤੀਤ ਹੁੰਦਾ ਹੈ। ਸਲਵਾਨ ਦੁਆਰਾ ਪੂਰਨ ਲਈ ਵਰਤਿਆ ਮੇਰਾ ਸ਼ਬਦ ਇਹ ਸਾਬਿਤ ਕਰਦਾ ਹੈ ਕਿ ਰਾਜ ਸ਼ਕਤੀ ਅਤੇ ਖ਼ਲਕਤ ਦਾ ਮਾਲਕ ਹੋਣ ਕਰ ਕੇ ਸਲਵਾਨ ਪੁੱਤਰ ਨੂੰ ਵੀ ਆਪਣੀ ਮਲਕੀਅਤ ਸਮਝਦਾ ਹੈ। ਇੱਥੇ ਇੱਛਰਾਂ ਦੀਆਂ ਉਮੰਗਾਂ ਸੱਧਰਾਂ ਨੂੰ ਰੱਦ ਕਰਕੇ ਪੂਰਨ 'ਤੇ ਆਪਣੀ ਮਲਕੀਅਤ ਠੋਸ ਕੇ ਸਲਵਾਨ ਜੋਤਸ਼ੀਆਂ ਦੇ ਮਹੂਰਤ ਨੂੰ ਪਹਿਲ ਦਿੰਦਾ ਹੈ ਤੇ ਇੱਛਰਾਂ ਦੀ ਮਮਤਾ ਨੂੰ ਰੱਦ ਕਰਦਾ ਹੈ।

ਭਾਰਤੀ ਸਮਾਜ ਦੀ ਔਰਤ ਪੁੱਤਰ ਸਹਾਰੇ ਹੀ ਆਪਣਾ ਕਲਿਆਣ ਲੋਚਦੀ ਹੈ ਤੇ ਪੁੱਤਰ ਨੂੰ ਖੋਣ ਦਾ ਡਰ ਉਸ ਨੂੰ ਆਪਣੇ ਪਤੀ ਦੇ ਖੋਣ ਤੋਂ ਜ਼ਿਆਦਾ ਦੁੱਖ ਦਿੰਦਾ ਹੈ। ਇਸ ਲਈ ਇੱਛਰਾਂ ਅਣਮੰਨੇ ਮਨ ਨਾਲ ਪੂਰਨ ਨੂੰ ਲੂਣਾ ਕੋਲ ਭੇਜ ਦਿੰਦੀ ਹੈ ਪਰ ਉਸ ਦੇ ਮਨ ਦਾ ਤੌਖ਼ਲਾ ਤੇ ਡਰ ਸਿਰਫ਼ ਉਹ ਹੀ ਜਾਣਦੀ ਹੈ।

ਲੂਣਾ ਦੁਆਰਾ ਪੂਰਨ ਤੇ ਝੂਠੀ ਤੁਹਮਤ ਕਾਰਨ ਸਲਵਾਨ ਪੁੱਤਰ ਮੋਹ ਭੁੱਲ ਕੇ ਲੂਣਾ ਦੀਆਂ ਗੱਲਾਂ ਵਿਚ ਆ ਕੇ ਪੂਰਨ ਨੂੰ ਮਾਰ ਮੁਕਾਉਣ ਲਈ ਕਾਹਲਾ ਹੋ ਜਾਂਦਾ ਹੈ। ਇੱਛਰਾਂ ਪੁੱਤਰ ਨਾਲ ਆਪਣੀ ਮਾਨਸਿਕ ਪੀੜਾ ਨੂੰ ਸਾਂਝਾ ਕਰਦੀ ਹੈ। ਇੱਛਰਾਂ ਦੀ ਨਿਆਸਰਤਾ ਆਪਣੇ ਪੁੱਤਰ ਦੀ ਆਵਾਜ਼ ਵੀ ਬੰਦ ਕਰਦੀ ਹੈ। ਇੱਛਰਾਂ ਪੂਰਨ ਨੂੰ ਬਾਹਰੀ ਸੰਸਾਰ ਦੀ ਪਰਵਾਹ ਛੱਡ ਕੇ ਕੇਵਲ ਆਪਣੇ ਪਾਸ ਰੱਖਣਾ ਚਾਹੁੰਦੀ ਹੈ।

ਇੱਛਰਾਂ ਦੀ ਕਰੁਣਾਮਈ ਸਥਿਤੀ ਦਾ ਦ੍ਰਿਸ਼ ਸਾਕਾਰ ਹੁੰਦਾ ਹੈ ਜੋ ਕਿ ਸਲਵਾਨ ਦੇ ਕ੍ਰੋਧ ਨਾਲ ਟਕਰਾਉਂਦਾ ਹੈ। ਇੱਛਰਾਂ ਸਲਵਾਨ ਦੇ ਨਾਲ਼ ਨਾਲ਼ ਲੂਣਾ ਨੂੰ ਵੀ ਦੋਸ਼ੀ ਮੰਨਦੀ ਹੈ। ਉਹ ਲੂਣਾ ਲਈ 'ਹੱਤਿਆਰੀਏ' ਸ਼ਬਦ ਵਰਤਦੀ ਹੈ ਤੇ ਸਲਵਾਨ ਲਈ ਉਸਦੇ ਮਨ ਵਿਚ ਵਿਰੋਧ ਹੈ ਕਿ ਉਸ ਨੇ ਵੱਡੀ ਉਮਰ ਵਿਚ ਵਿਆਹ ਕਰਵਾ ਕੇ ਵੰਸ਼ ਦਾ ਨਾਸ਼ ਕੀਤਾ ਹੈ। ਇਹ ਸਭ ਕੁਝ ਇੱਛਰਾਂ ਸਿਰਫ਼ ਆਪਣੇ ਮਨ ਵਿਚ ਸੋਚ ਸਕਦੀ ਹੈ। ਪੂਰਨ ਅੱਗੇ ਖੋਲ੍ਹ ਸਕਦੀ ਹੈ ਪਰ ਇਸ ਸਭ ਦਾ ਖੁਲਾਸਾ ਉਹ ਲੂਣਾ ਜਾਂ ਸਲਵਾਨ ਅੱਗੇ ਨਹੀਂ ਕਰ ਸਕਦੀ ਕਿਉਂਕਿ ਇੱਛਰਾਂ ਅਜਿਹੀ ਔਰਤ ਹੈ ਜੋ ਕਿ ਆਪਣੇ ਭਾਵਾਂ ਦਾ ਵਿਰੇਚਨ ਖੁੱਲ੍ਹੇ ਰੂਪ ਵਿਚ ਨਹੀਂ ਕਰ ਸਕਦੀ ਬਲਕਿ ਉਹ ਸਭ ਕੁਝ ਸਹਿਣ ਕਰਦੀ ਹੋਈ ਮਹਿਲ ਵਿਚ ਬੈਠੀ ਰਹਿੰਦੀ ਹੈ। ਪੂਰਨ ਨੂੰ ਮਾਰਨ ਦੀ ਸਜ਼ਾ ਸੁਣ ਕੇ ਇੱਛਰਾਂ ਰੋਂਦੀ ਕੁਰਲਾਉਂਦੀ ਹੋਈ ਆਉਂਦੀ ਹੈ ਤੇ ਪੂਰਨ ਨੂੰ ਘੁੱਟ ਕੇ ਗਲੇ ਨਾਲ ਲਾ ਲੈਂਦੀ ਹੈ। ਇੱਛਰਾਂ ਰੋਂਦੀ ਕਰਲਾਉਂਦੀ ਦਇਆ ਦੀ ਭੀਖ ਮੰਗਦੀ ਹੈ। ਇੱਛਰਾਂ ਇਸ ਸਭ ਦਾ ਦੋਸ਼ੀ ਲੂਣਾ ਨੂੰ ਮੰਨਦੀ ਹੋਈ ਲੂਣਾ ਤੇ ਵਾਰ ਕਰਦੀ ਹੈ ਤੇ ਲੂਣਾ ਨੂੰ 'ਦੋਮੂੰਹੀ', 'ਸੰਖੀਆ' ਕਹਿ ਕੇ ਸੰਬੋਧਿਤ ਕਰਦੀ ਹੈ। ਜਿਸ ਨੇ ਉਸ ਕੋਲੋਂ ਉਸ ਦੇ ਪਤੀ ਨੂੰ ਵੀ ਖੋਹ ਲਿਆ ਤੇ ਹੁਣ ਉਸ ਦੇ ਪੁੱਤਰ ਨੂੰ ਵੀ ਉਸ ਤੋਂ ਦੂਰ ਕਰਨਾ ਚਾਹੁੰਦੀ ਹੈ। ਪੂਰਨ ਦੀ ਮੌਤ ਤੋਂ ਪਹਿਲਾਂ ਇੱਛਰਾਂ ਖ਼ੁਦ ਨੂੰ ਮਾਰਨ ਲਈ ਅੱਗੇ ਆਉਂਦੀ ਹੈ। ਇੱਛਰਾਂ ਦਾ ਪੁੱਤਰ ਮੋਹ ਇੰਨਾ ਵਿਸ਼ਾਲ ਹੈ ਕਿ ਉਹ ਆਪਣੇ ਪੁੱਤਰ ਤੋਂ ਬਿਨਾਂ ਜਿਉਣਾ ਨਹੀਂ ਚਾਹੁੰਦੀ:

ਇੱਛਰਾਂ: ਹਾਂ ਹਾਂ, ਮੇਰੀ ਗਤਿ ਕਰੋ। ਆਪਣੇ ਪੁੱਤਰ ਦਾ ਦੁੱਖ ਮੈਂ ਜਾਗਦਿਆਂ ਯਾ ਸੁਫਨੇ
ਵਿਚ ਅੱਖੀਂ ਨਾ ਦੇਖਾਂ, ਕੰਨੀ ਨਾ ਸੁਣਾਂ।[9]

ਇੱਥੇ ਹੀ ਇੱਛਰਾਂ ਦੇ ਆਪਣੇ ਪੁੱਤਰ ਲਈ ਜੋ ਮਨ ਵਿਚ ਜਜ਼ਬੇ ਤੇ ਵੇਗ ਹਨ ਉਹ ਭਲੀਭਾਂਤ ਪ੍ਰਸਤੁਤ ਹੁੰਦੇ ਹਨ। ਰਾਣੀ ਇੱਛਰਾਂ ਦਾ ਆਪਣੇ ਪੁੱਤਰ ਮੋਹ ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ ਕਿ ਉਹ ਆਪਣੇ ਪੁੱਤਰ ਦਾ ਦੁੱਖ ਸੁਪਨੇ ਵਿਚ ਵੀ ਦੇਖ ਨਹੀਂ ਸਕਦੀ। ਇਸ ਨਾਟਕ ਵਿਚ ਵੀ ਮਰਦ ਪੱਖੀ ਹਉਮੈ ਤੇ ਰਾਜ ਸੱਤਾ ਦੇ ਦਰਸ਼ਨ ਹੁੰਦੇ ਹਨ ਜਦੋਂ ਸਲਵਾਨ ਪੁੱਤਰ ਦੀ ਗ਼ਲਤੀ ਜੋ ਕਿ ਉਸ ਨੇ ਕੀਤੀ ਹੀ ਨਹੀਂ ਦਾ ਦੋਸ਼ੀ ਇੱਛਰਾਂ ਨੂੰ ਠਹਿਰਾਉਂਦਾ ਹੋਇਆ ਉਸ ਨੂੰ ਭੈੜੀ ਸ਼ਬਦਾਵਲੀ ਬੋਲਦਾ ਹੈ:

ਸਲਵਾਨ: ਇਸ ਸਪੋਲੀਏ ਲਈ ! ਇਸ ਲਈ ਇਹ ਰੋਣਾ, ਇਹ ਚੀਹਗਣਾ, ਇਹ ਸੂੰਕਾਇਹ
ਹਾਹੁਕੇ ! ਹਟ ਜਾ, ਬਿਸ ਦੀ ਵੇਲੇ, ਪਾਪ ਦੀਏ ਖਾਨੇ ! (ਗਰਜ ਕੇ) ਨਹੀਂ ਹਟਦੀ ਲੈ ਫੇਰ ਸਣ ਬੱਚੇ ਘਾਣੀ![10]

ਸਲਵਾਨ ਇੱਛਰਾਂ ਨੂੰ 'ਬਿਸ ਦੀ ਵੇਲ','ਪਾਪ ਦੀ ਖਾਨ' ਕਹਿ ਕੇ ਸੰਬੋਧਿਤ ਕਰਦਾ ਹੋਇਆ ਮਾਂ ਦੀ ਮਮਤਾ ਨੂੰ ਗਾਲ਼ ਦਿੰਦਾ ਹੈ। ਇੱਥੇ ਇੱਛਰਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਇੱਛਰਾਂ ਇਕ ਅਜਿਹੀ ਪਾਤਰ ਹੈ ਜੋ ਕਿ ਰਾਣੀ ਵੀ ਹੈ, ਇੱਕ ਮਾਂ ਵੀ ਹੈ ਪਰ ਉਸ ਕੋਲ ਅਜਿਹਾ ਅਧਿਕਾਰ ਨਹੀਂ ਹੈ ਕਿ ਆਪਣੀ ਔਲਾਦ ਲਈ ਕੁਝ ਕਰ ਸਕੇ। ਇੱਛਰਾਂ ਰੋ ਸਕਦੀ ਹੈ, ਕੁਰਲਾ ਸਕਦੀ ਹੈ। ਇਸ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦੀ। ਭਾਵੇਂ ਉਹ ਆਪਣਾ ਕੋਈ ਵਿਰੋਧ ਪੇਸ਼ ਨਹੀਂ ਕਰਦੀ ਪਰ ਉਸ ਦੇ ਮਨ ਵਿਚ ਆਪਣੇ ਪਤੀ ਲਈ ਰੋਸ ਹੈ, ਲੂਣਾ ਲਈ ਘ੍ਰਿਣਾ ਹੈ:

ਇੱਛਰਾਂ: ਹਾਏ ਹਾਏ ਲੂਣਾ ਭੈੜੀਏ-ਵੈਰ ਕਮਾਇਓ ਅੱਤ
ਇਕੋ ਮੇਰਾ ਪੁੱਤਰ ਸੀ-ਜਿਸ ਦੀ ਪੀਤੀ ਉ ਰੱਤ।
ਨਾਰੇ ਨੀਂ ਹਤਿਆਰੀਏ ਕੀ ਕੀਤਾ ਈ ਕਹਿਰ
ਬਾਹਰੋਂ ਸੂਰਤ ਸੋਹਣੀ ਅੰਦਰ ਤੇਰੇ ਜ਼ਹਿਰ
ਬੁੱਢੇ ਵਾਰੇ ਰਾਜਿਆ ਕੀਤੁਈ ਦੂਜਾ ਵਿਆਹ
ਅਨਦੋਸਾ ਪੁੱਤਰ ਮਾਰਿਆ ਫਲ ਹੋਯਾ ਈ ਆਹ।[11]

ਇਸ ਸਭ ਦਾ ਦੋਸ਼ੀ ਇੱਛਰਾਂ ਸਲਵਾਨ ਨੂੰ ਠਹਿਰਾਉਂਦੀ ਹੈ ਕਿਉਂਕਿ ਉਸ ਨੇ ਵੱਡੀ ਉਮਰ ਵਿਚ ਆ ਕੇ ਵਿਆਹ ਕਰਵਾਇਆ ਹੈ। ਇੱਛਰਾਂ ਲੂਣਾ ਨੂੰ ਤਾਅਨੇ ਮਾਰਦੀ ਹੈ ਕਿ ਉਸ ਨੇ ਉਸ ਦੇ ਇੱਕੋ ਇੱਕ ਪੁੱਤਰ ਨੂੰ ਉਸ ਤੋਂ ਖੋਹ ਲਿਆ ਹੈ। ਇੱਛਰਾਂ ਸਲਵਾਨ ਤੇ ਲੂਣਾ ਦੋਹਾਂ ਨੂੰ ਦੋਸ਼ੀ ਮੰਨਦੀ ਹੈ। ਘਰ ਵਿਚ ਕੋਈ ਸੰਤਾਨ ਨਾ ਹੋਣ ਦਾ ਕਾਰਨ ਵੀ ਇਹੋ ਹੀ ਸਮਝਦੀ ਹੈ ਕਿ ਪੁੱਤਰ ਨੂੰ ਮਾਰਨ ਦਾ ਹੀ ਉਨ੍ਹਾਂ ਨੂੰ ਫਲ ਮਿਲਿਆ ਹੈ। ਆਪਣੇ ਮਨ ਦੇ ਗੁਭਾਰ ਮਹਿਲ ਵਿਚ ਕੱਢਦੇ ਹੋਏ ਇੱਛਰਾਂ ਆਪਣੇ ਪੁੱਤਰ ਲਈ ਰੋਂਦੀ ਕੁਰਲਾਉਂਦੀ ਹੈ। ਇੱਛਰਾਂ ਰੋਂਦੀ ਕੁਰਲਾਉਂਦੀ ਹੋਈ ਪੂਰਨ ਦੇ ਮੁੜ ਆਉਣ ਦੇ ਵਾਸਤੇ ਪਾਉਂਦੀ ਹੈ। ਪੂਰਨ ਤੋਂ ਬਿਨਾਂ ਜਿਉਣਾ ਨਹੀਂ ਚਾਹੁੰਦੀ। ਇਸ ਕਰਕੇ ਉਹ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੀ ਹੈ। ਮੂਲ ਕਥਾ ਵਿਚ ਪ੍ਰਗਟ ਹੋਈ ਇੱਛਰਾਂ ਦੀ ਸਥਿਤੀ ਨਾਲੋਂ ਇੱਥੇ ਇਹ ਭਿੰਨਤਾ ਵੀ ਸਾਹਮਣੇ ਆਉਂਦੀ ਹੈ ਕਿ ਇੱਛਰਾਂ ਆਪਣੇ ਦੁੱਖ ਦਰਦ ਬਰਦਾਸ਼ਤ ਨਾ ਕਰਦੇ ਹੋਏ ਮਰਨ ਦਾ ਫ਼ੈਸਲਾ ਕਰਦੀ ਹੈ। ਉਸ ਦੁਆਰਾ ਚੁੱਕਿਆ ਇਹ ਕਦਮ ਇਸ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਬਰਦਾਸ਼ਤ ਨਾ ਕਰਨ ਦਾ ਸਬੂਤ ਦਿੰਦਾ ਹੈ। ਇੱਛਰਾਂ ਇਸ ਜਹਾਨ ਵਿਚ ਆਪਣੇ ਪੁੱਤਰ ਤੋਂ ਬਿਨਾਂ ਜਿਉਣਾ ਨਹੀਂ ਲੋਚਦੀ ਕਿਉਂਕਿ ਉਸ ਨੂੰ ਇਹ ਸਾਰਾ ਜਹਾਨ ਹੀ ਹਨ੍ਹੇਰਾ ਜਾਪਦਾ ਹੈ।

ਇਸ ਪ੍ਰਕਾਰ ਇੱਥੇ ਇੱਛਰਾਂ ਦੀ ਕਰੁਣਾਮਈ ਸਥਿਤੀ ਜ਼ਾਹਰ ਹੁੰਦੀ ਹੈ ਕਿ ਉਹ ਆਪਣੇ ਪੁੱਤਰ ਪੂਰਨ ਤੋਂ ਬਿਨਾਂ ਜਿਉਣਾ ਨਹੀਂ ਚਾਹੁੰਦੀ। ਪੂਰਨ ਦੇ ਦਿਲ ਵਿਚ ਵੀ ਆਪਣੀ ਮਾਂ ਲਈ ਅਥਾਹ ਪਿਆਰ ਹੈ। ਪੂਰਨ ਸ਼ਮਸ਼ਾਨ ਵੱਲ ਜਾਂਦਾ ਹੋਇਆ ਮਾਂ ਬਾਰੇ ਸੋਚਦਾ ਹੈ। ਪੂਰਨ ਨੂੰ ਮੌਤ ਦਾ ਭੈਅ ਨਹੀਂ ਬਲਕਿ ਮਾਂ ਬਾਰੇ ਖਿਆਲ ਹੈ ਕਿ ਉਸਦੀ ਮਾਂ ਵਿਯੋਗ ਵਿਚ ਤੜਪਦੀ ਮਰ ਜਾਵੇਗੀ ਕਿਉਂਕਿ ਸੱਤਾ ਦੇ ਪ੍ਰਤੀਕ ਰਾਜੇ ਤੋਂ ਭੈਅ ਭੀਤ ਪਰਜਾ ਕਦੇ ਵੀ ਮਾਂ ਨੂੰ ਮੇਰਾ ਹਾਲ ਨਹੀਂ ਦੱਸੇਗੀ। ਪੂਰਨ ਕਿਸਮਤਵਾਦੀ ਪ੍ਰਤੀਤ ਹੁੰਦਾ ਹੈ ਜੋ ਕਿ ਆਪਣੇ ਲੇਖਾਂ ਨੂੰ ਕੋਸਦਾ ਹੈ। ਪੂਰਨ ਮਾਂ ਬਾਰੇ ਸੋਚ ਕੇ ਦੁਖੀ ਹੈ ਕਿ ਮਾਂ ਦੇ ਪੱਲੇ ਸਾਰੀ ਉਮਰ ਦਾ ਰੋਣਾ ਪੈ ਗਿਆ ਹੈ। ਇੱਥੇ ਪੂਰਨ ਅਤੇ ਮਾਂ ਦੇ ਆਪਸੀ ਪਿਆਰ ਦਾ ਪ੍ਰਗਟਾਵਾ ਹੁੰਦਾ ਹੈ:

ਪੂਰਨ: ਮੈਂ ਨਾ ਲੋਕੋ ਪਾਪ ਕਮਾਇਆ,ਲੇਖਾ ਲਿਖਿਆਂ ਅੱਗੇ ਆਇਆ।
ਮੇਰੀ ਮਾਤਾ ਮਾਰੇ ਢਾਹਾਂ,ਪਿੱਟੇ ਕੁੱਟੇ ਸੁੱਟੇ ਆ ਹਾਂ।
ਮਾਤਾ ਹੋਸੀ ਵੇਲਾ ਓਹ ਕੀ,ਮੁੜ ਮੁੜ ਜਾਵਨਗੇ ਜਦ ਲੋਕੀ।
ਤੂੰ ਪੁੱਛੇਂਗੀ ਸਭ ਨੂੰ ਜਾ ਜਾ,ਮੇਰਾ ਸੋਹਣਾ ਕਿਉਂ ਨਾ ਆਇਆ?
ਜੀਭੋਂ ਦੱਸੂ ਨਾ ਕੋਈ ਤੈਨੂੰ[12]

ਪੁੱਤਰ ਵਿਜੋਗ ਵਿਚ ਤੜਪਦੀ ਹੋਈ ਪੂਰਨ ਨੂੰ ਆਵਾਜ਼ਾਂ ਮਾਰਦੀ ਹੈ। ਨਾਟਕ ਵਿਚ ਇੱਛਰਾਂ ਦੀ ਸਥਿਤੀ ਅਜਿਹੀ ਹੈ ਕਿ ਉਸ ਦੀ ਹਾਲਤ ਵਿਚੋਂ ਇਕ ਔਰਤ ਦੀ ਹੋਂਦ ਤੋਂ ਪਹਿਲਾਂ ਇਕ ਮਾਂ ਦੀ ਵੇਦਨਾ ਸਾਹਮਣੇ ਆਉਂਦੀ ਹੈ ਜਿਵੇਂ ਕਿ ਪ੍ਰੋ. ਪੂਰਨ ਸਿੰਘ ਨੇ ਔਰਤ ਦੀ ਹੋਂਦ ਤੋਂ ਪਹਿਲਾਂ ਸਿਰਫ਼ ਮਾਂ ਦੀ ਹੋਂਦ ਨੂੰ ਪੇਸ਼ ਕੀਤਾ ਹੈ। ਇੱਛਰਾਂ ਆਪਣੇ ਬੱਚੇ ਦਾ ਨਾਮ ਲੈਣ ਵਾਲੇ ਤੋਂ ਵੀ ਕੁਰਬਾਨ ਜਾਂਦੀ ਹੈ। ਪੂਰਨ ਦਾ ਨਾਂ ਵੀ ਉਸ ਦੇ ਦਿਲ ਵਿਚ ਠੰਢਕ ਪਾਉਂਦਾ ਹੈ:

ਇੱਛਰਾਂ: ਆਜਾ ਸੋਹਣਿਆ ਬੀਬਿਆ ਲਾਲ ਵੇ !
ਦੇਖ ਅੰਮੜੀ ਦਾ ਆ ਕੇ ਹਾਲ ਵੇ !

ਦਿਲ ਚੜ੍ਹਿਆ ਪੁੱਠ ਦੀ ਅੱਗ ਤੇ
ਸੂਈਆਂ ਚੁਭਦੀਆਂ ਨੇ ਰੱਗ ਰੱਗ ਤੇ,
ਮੇਰਾ ਹੋਰ ਨਾ ਜਾਪਦਾ ਜੱਗ ਤੇ,[13]

ਮਹਿਲ ਦੇ ਬਾਗ ਵਿਚ ਜੋਗੀ ਦੇ ਆਉਣ ਦਾ ਪਤਾ ਲੱਗਣ ਤੇ ਇੱਛਰਾਂ ਦੁਚਿੱਤੀ ਵਿਚ ਹੈ ਕਿ ਉਹ ਜੋਗੀ ਕੋਲ ਜਾਵੇ ਕਿ ਨਾ ਜਾਵੇ। ਇੱਛਰਾਂ ਦੇ ਮਨ ਵਿਚ ਪੂਰਨ ਦੇ ਮੁੜ ਆਉਣ ਦੀ ਆਸ ਹੈ। ਇਸੇ ਲਈ ਉਹ ਜੋਗੀ ਕੋਲ ਜਾਣ ਲਈ ਤਿਆਰ ਹੋ ਜਾਂਦੀ ਹੈ। ਜੋਗੀ ਦੇ ਥਥਲਾਉਣ ਦੀ ਗੱਲ ਸੁਣਦੇ ਹੀ ਇੱਛਰਾਂ ਇਹ ਕਹਿੰਦੀ ਹੈ ਕਿ ਉਸ ਦਾ ਪੂਰਨ ਵੀ ਥਥਲੀਆਂ ਗੱਲਾਂ ਕਰਦਾ ਸੀ। ਇਹ ਇੱਕ ਅਜਿਹਾ ਸੰਕੇਤ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇੱਥੇ ਇੱਛਰਾਂ ਦੀ ਮਾਨਸਿਕਤਾ ਵਿਚ ਪੂਰਨ ਦਾ ਬੱਚੇ ਵਾਲਾ ਰੂਪ ਵਿਦਮਾਨ ਹੈ। ਉਹ ਉਸ ਨੂੰ ਆਪਣੀ ਮਾਨਸਿਕਤਾ ਵਿਚ ਅਜੇ ਵੀ ਬੱਚਾ ਹੀ ਸਮਝਦੀ ਹੈ। ਇੱਥੇ ਇਹ ਸੰਕੇਤ ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੂਰਨ ਨਾਥ ਜੋਗੀ ਕਵਿਤਾ ਨਾਲ ਜਾ ਜੁੜਦਾ ਹੈ। ਜਿਵੇਂ ਉੱਥੇ ਇੱਛਰਾਂ ਪੂਰਨ ਨੂੰ ਆਪਣੀ ਮਾਨਸਿਕਤਾ ਵਿਚ ਪਾਲਦੀ ਹੈ ਉਸੇ ਤਰ੍ਹਾਂ ਇੱਥੇ ਇੱਛਰਾਂ ਪੂਰਨ ਨੂੰ ਆਪਣੀ ਮਾਨਸਿਕਤਾ ਵਿਚ ਪੂਰਨ ਨੂੰ ਥਥਲਾਉਂਦਾ ਹੋਇਆ ਬੱਚਾ ਹੀ ਸਮਝਦੀ ਹੈ:

ਇੱਛਰਾਂ: (ਆਪਣੇ ਆਪ) ਮੇਰਾ ਪੂਰਨ ਚੰਦ ਵੀ ਥਥਲੀਆਂ ਗੱਲਾਂ ਕਰਦਾ ਸੀ।[14]
(ਲੰਮਾ ਸਾਹ ਭਰਦੀ ਹੈ)

ਇੱਛਰਾਂ ਨੂੰ ਦੇਖ ਕੇ ਜੋਗੀ ਦੇ ਮੂੰਹੋਂ ਮਾਂ ਨਿਕਲਦਾ ਹੈ। ਉਹ ਆਪਣੀ ਮਾਂ ਨੂੰ ਦੇਖ ਕੇ ਦਿਲ ਨੂੰ ਰੋਕਦਾ ਹੈ। ਇੱਛਰਾਂ ਦੀ ਖੱਬੀ ਅੱਖ ਫੜਕਦੀ ਹੈ ਤੇ ਉਸ ਨੂੰ ਚੰਗੇ ਸ਼ਗਨਾਂ ਦਾ ਸੰਕੇਤ ਮਿਲਦਾ ਹੈ। ਜੋਗੀ ਨੂੰ ਥਥਲਾਉਂਦੇ ਹੋਏ ਦੇਖ ਇੱਛਰਾਂ ਜੋਗੀ ਨੂੰ ਪਛਾਣ ਲੈਂਦੀ ਹੈ। ਦੋਵੇਂ ਮਾਂ ਪੁੱਤਰ ਜੱਫੀ ਪਾ ਕੇ ਮਿਲਦੇ ਹਨ। ਮਾਂ ਦੀ ਮਮਤਾ ਤੋਂ ਵੱਡਾ ਕੋਈ ਜੋਗ ਨਹੀਂ ਇਸ ਦਾ ਸਬੂਤ ਇਸ ਨਾਟਕ ਵਿਚ ਪ੍ਰਤੱਖ ਦਿਖਾਈ ਦਿੰਦਾ ਹੈ। ਜਦੋਂ ਜੋਗੀ ਆਪਣਾ ਜੋਗ ਭੁੱਲ ਕੇ ਮਾਂ ਦੀ ਜੱਫੀ ਵਿਚ ਸ਼ਰਨ ਲੈਂਦਾ ਹੈ ਤਾਂ ਮਾਂ ਦੀ ਮਮਤਾ ਦੀ ਜਿੱਤ ਹੁੰਦੀ ਹੈ। ਅੰਤ ਤੇ ਸਲਵਾਨ ਇੱਛਰਾਂ ਤੇ ਪੂਰਨ ਤਿੰਨੋਂ ਕਲਾਵੇ ਵਿਚ ਮਿਲ ਕੇ ਨਾਟਕ ਦਾ ਅੰਤ ਸੁਖਾਂਤਕ ਰੂਪ ਵਿਚ ਕਰਦੇ ਹਨ:

ਸਲਵਾਨ: ਹੈਂ !! (ਮਾਂ ਪੁੱਤਰ ਨੂੰ ਕਲਾਵੇ ਵਿਚ ਲੈ ਕੇ) ਮੇਰੀਏ ਜਿੰਦੜੀਏ !
(ਸਾਰੇ ਰੋਂਦੇ ਹਨ, ਅਕਾਸ਼ ਤੋਂ ਫੁੱਲਾਂ ਦੀ ਬਰਖਾ ਹੋਂਦੀ ਹੈ ਅਰ ਵਾਜਾ ਸੁਣੀਦਾ ਏ)[15]

ਇਸ ਨਾਟਕ ਵਿੱਚ ਬ੍ਰਿਜ ਲਾਲ ਸ਼ਾਸਤਰੀ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਕਾਦਰਯਾਰ ਦੀ ਮੂਲ ਕਥਾ ਨੂੰ ਨਾਟਕੀ ਰੂਪ ਵਿੱਚ ਪੇਸ਼ ਕੀਤਾ। ਇਸ ਨਾਟਕ ਵਿਚ ਇਹ ਗੱਲ ਸਪਸ਼ਟ ਰੂਪ ਵਿੱਚ ਉੱਭਰਦੀ ਹੈ ਕਿ ਇਕ ਮਾਂ ਦੇ ਜੋਗ ਤੋਂ ਵੱਡਾ ਹੋਰ ਕੋਈ ਜੋਗ ਨਹੀਂ ਹੋ ਸਕਦਾ। ਇਸੇ ਕਰਕੇ ਇੱਛਰਾਂ ਮਾਂ ਦੇ ਜੋਗ ਸਾਹਮਣੇ ਪੂਰਨ ਦਾ ਜੋਗ ਟਿਕ ਨਹੀਂ ਸਕਿਆ ਅਤੇ ਉਹ ਆਪਣੇ ਆਪ ਨੂੰ ਮਾਂ ਦੀ ਗੋਦ ਵਿੱਚ ਸਮਾਂ ਲੈਂਦਾ ਹੈ। ਬਾਕੀ ਇਸ ਨਾਟਕ ਨੂੰ ਅੰਤ ਵਿੱਚ ਸੁਖਾਂਤਕ ਰੂਪ ਵਿੱਚ ਪੇਸ਼ ਕਰਕੇ ਸ਼ਾਸਤਰੀ ਜੀ ਨੇ ਕਥਾ ਵਿੱਚ ਵੱਡੀ ਤਬਦੀਲੀ ਕੀਤੀ ਹੈ। ਦੂਜੀ ਤਬਦੀਲੀ ਇੱਛਰਾਂ ਦੀ ਸਥਿਤੀ ਵਿੱਚ ਵੇਖੀ ਜਾ ਸਕਦੀ ਹੈ ਕਿ ਇਸ ਨਾਟਕ ਦੀ ਇੱਛਰਾਂ ਪੁੱਤਰ ਵਿਛੋੜੇ ਨੂੰ ਨਾ ਝੱਲਦੇ ਹੋਏ ਆਤਮਦਾਹ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਕਿ ਇਸ ਤੋਂ ਪਹਿਲਾਂ ਹੋਰ ਕਿਸੇ ਵੀ ਰਚਨਾ ਵਿੱਚ ਨਹੀਂ ਹੋਇਆ। ਇਸ ਨਾਟਕ ਦੀ ਇੱਛਰਾਂ ਆਪਣੇ ਦੁੱਖਾਂ ਦਾ ਕਾਰਨ ਸਲਵਾਨ ਨੂੰ ਸਮਝਦੀ ਹੈ ਜਿਸ ਦਾ ਸਿੱਧਾ ਪ੍ਰਗਟਾਵਾ ਪੂਰਨ ਅੱਗੇ ਕਰਦੀ ਹੈ ਤੇ ਉਹ ਸ਼ਰ੍ਹੇਆਮ ਲੂਣਾ ਨੂੰ ਭੰਡਦੀ ਹੈ। ਸਲਵਾਨ ਨੂੰ ਵੀ ਆਪਣੀ ਕੀਤੀ ਗਲਤੀ ਦਾ ਅਹਿਸਾਸ ਕਰਵਾਇਆ ਗਿਆ ਹੈ। ਉਹ ਪੂਰਨ ਨੂੰ ਭੋਰੇ ਵਿੱਚ ਪਾਉਣ ਦੀ ਕੀਤੀ ਗਲਤੀ ਨੂੰ ਮੰਨਦਾ ਹੈ, ਪਛਤਾਉਂਦਾ ਹੈ। ਇੱਥੇ ਵੀ ਇੱਛਰਾਂ ਪੁੱਤਰ ਲਈ ਕੁਝ ਨਹੀਂ ਕਰ ਸਕਦੀ। ਉਹ ਸਿਰਫ਼ ਲੂਣਾ ਨੂੰ ਭੰਡਦੀ ਹੈ ਤੇ ਸਲਵਾਨ ਨੂੰ ਦੋਸ਼ੀ ਸਮਝਦੀ ਹੈ ਪਰ ਕਰ ਕੁਝ ਨਹੀਂ ਸਕਦੀ। ਅੰਤ ਤੇ ਮਾਂ ਇੱਛਰਾਂ ਦੀ ਮਮਤਾ ਦੀ ਜਿੱਤ ਹੁੰਦੀ ਹੈ ਜਦੋਂ ਉਹ ਆਪਣੇ ਪੁੱਤਰ ਨੂੰ ਮਿਲਦੀ ਹੈ।

**ਹਵਾਲੇ**

1. ਡਾ. ਗੁਰਚਰਨ ਸਿੰਘ ਅਰਸ਼ੀ(ਸੰਪਾ.), ਅਲੋਚਨਾ, ਜੁਲਾਈ ਸਤੰਬਰ 1989, ਬ੍ਰਿਜ ਲਾਲ ਸ਼ਾਸਤਰੀ ਵਿਸ਼ੇਸ਼ ਅੰਕ,ਪੰਨੇ 1-2
2. ਉਹੀ, ਪੰਨਾ 6
3. ਕਪੂਰ ਸਿੰਘ ਘੁੰਮਣ (ਸੰਪਾ.), ਬ੍ਰਿਜ ਲਾਲ ਸ਼ਾਸਤਰੀ ਰਚਨਾਵਲੀ (ਨਾਟਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨੇ 17-18
4. ਉਹੀ, ਪੰਨਾ 19
5. ਉਹੀ, ਪੰਨਾ 20
6. ਉਹੀ, ਪੰਨਾ 22
7. ਉਹੀ, ਪੰਨਾ 22
8. ਉਹੀ, ਪੰਨਾ 23
9. ਉਹੀ, ਪੰਨਾ 41
10. ਉਹੀ, ਪੰਨਾ 41
11. ਉਹੀ, ਪੰਨਾ 43
12. ਉਹੀ, ਪੰਨਾ 46
13. ਉਹੀ, ਪੰਨਾ 77
14. ਉਹੀ, ਪੰਨਾ 79
15. ਉਹੀ, ਪੰਨਾ 89